
# ਬ੍ਰੈਂਪਟਨ ਟ੍ਰਾਂਜ਼ਿਟ ਵਿੱਚ ਤੁਹਾਡਾ ਸੁਆਗਤ ਹੈ

**ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਬੱਸ 'ਤੇ ਚੜ੍ਹਣ ਵੇਲੇ ਭੁਗਤਾਨ ਕਰੋ, ਸਬੰਧੀ ਟ੍ਰਾਂਜ਼ਿਟ ਪ੍ਰਣਾਲੀ ਹੈ, ਜੋ ਸਮੁੱਚੇ ਸ਼ਹਿਰ ਵਿੱਚ ਸੇਵਾ ਅਤੇ ਆਸਪਾਸ ਦੇ ਖੇਤਰਾਂ ਵਿੱਚ ਕਨੈਕਸ਼ਨ ਪੇਸ਼ ਕਰਦੀ ਹੈ। ਅਸੀਂ ਤੁਹਾਨੂੰ ਸੁਰੱਖਿਅਤ ਅਤੇ ਭਰੋਸੇਯੋਗ ਸੇਵਾ ਮੁਹੱਈਆ ਕਰਨ ਦਾ ਯਤਨ ਕਰਦੇ ਹਾਂ।**




ਕੀ ਤੁਹਾਨੂੰ ਪਤਾ ਹੈ ਕਿ ਇਸ ਬਾਰੇ ਪਤਾ ਕਰਨ ਦੇ ਕਈ ਵੱਖ-ਵੱਖ ਤਰੀਕੇ ਹਨ ਕਿ ਤੁਹਾਡੀ ਬੱਸ ਕਦੋਂ ਆ ਰਹੀ ਹੈ?

ਤੁਸੀਂ ਨੈਕਸਟ ਰਾਈਡ (Next Ride) ਵਰਤ ਕੇ ਅਗਲੀ ਬੱਸ ਬਾਰੇ ਅਸਲੀ-ਸਮੇਂ ਦੀ ਅਤੇ ਬਿਲਕੁੱਲ ਤਾਜ਼ਾ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਤੁਹਾਨੂੰ ਚਾਰ ਅੰਕਾਂ ਦੇ ਬੱਸ ਸਟੌਪ ਨੰਬਰ ਦੀ ਲੋੜ ਹੈ ਅਤੇ ਤੁਸੀਂ ਆਪਣੇ ਸਟੌਪ ਲਈ ਅਗਲੀ ਬੱਸ ਦੇ ਪਹੁੰਚਣ ਦੇ ਸਮੇਂ ਪ੍ਰਾਪਤ ਕਰੋਗੇ।

**ਟੈਕਸਟ ਜਾਂ ਈਮੇਲ:** ਟੈਕਸਟ ਕਰੋ ਜਾਂ nextride@brampton.ca 'ਤੇ ਈਮੇਲ ਕਰੋ ਅਤੇ ਸੁਨੇਹੇ ਵਾਲੇ ਭਾਗ (ਬੱਡੀ) ਵਿੱਚ ਚਾਰ ਅੰਕਾਂ ਦਾ ਬੱਸ ਸਟੌਪ ਨੰਬਰ ਲਿਖੋ। ਉਦਾਹਰਨ ਲਈ: 3361

**ਔਨਲਾਈਨ:** bramptontransit.com 'ਤੇ ਜਾਓ ਅਤੇ ਨੈਕਸਟ ਰਾਈਡ (Next Ride) 'ਤੇ ਕਲਿੱਕ ਕਰੋ।

a. ਆਪਣੇ ਸਟੌਪ ਲਈ ਅਗਲੀ ਬੱਸ ਪਹੁੰਚਣ ਦੇ ਸਮੇਂ ਦੇਖਣ ਲਈ ਆਪਣਾ ਚਾਰ ਅੰਕਾਂ ਦਾ ਬੱਸ ਸਟੌਪ ਨੰਬਰ ਦਾਖ਼ਲ ਕਰੋ।

b. ਜੇਕਰ ਤੁਹਾਡੇ ਕੋਲ ਸਮਾਰਟਫੋਨ ਹੈ, ਤਾਂ ਯਾਤਰਾ ਦੇ ਸਮੇਂ ਤੁਰੰਤ ਪਹੁੰਚ ਲਈ ਮੋਬਾਈਲ ਸਾਈਟ ਨੂੰ ਬੁੱਕਮਾਰਕ ਕਰੋ: nextride.brampton.ca.

**ਫੋਨ:** 905.874.2999 'ਤੇ ਫੋਨ ਕਰੋ ਅਤੇ ਨਿਰਦੇਸ਼ਾਂ ਦੀ ਪਾਲਣਾ ਕਰੋ

## ਹੋਰ ਵੀ ਅਸਾਨ ਬਣਾਉਣ ਲਈ, ਸੂਚਨਾਵਾਂ ਲਈ ਸਾਈਨ ਅੱਪ ਕਰੋ

bramptontransit.com 'ਤੇ ਜਾਓ ਅਤੇ ਨੈਕਸਟ ਰਾਈਡ (Next Ride) 'ਤੇ ਕਲਿੱਕ ਕਰੋ। ਫਿਰ ਨੈਕਸਟ ਰਾਈਡ (Next Ride) ਪੰਨੇ 'ਤੇ, ਸੂਚਨਾ (Notification) ਲਿੰਕ 'ਤੇ ਕਲਿੱਕ ਕਰੋ ਅਤੇ ਆਪਣੀ ਜਾਣਕਾਰੀ ਭਰੋ।

* ਨੈਕਸਟ ਰਾਈਡ ਸੂਚਨਾ ਬ੍ਰੈਂਪਟਨ ਟ੍ਰਾਂਜ਼ਿਟ ਵੱਲੋਂ ਮੁਹੱਈਆ ਕੀਤੀ ਜਾਂਦੀ ਇੱਕ ਮੁਫ਼ਤ ਸੇਵਾ ਹੈ। ਹਾਲਾਂਕਿ, ਤੁਹਾਡੇ ਵੱਲੋਂ ਵਰਤੀ ਜਾਣ ਵਾਲੀ ਸੇਵਾ ਦੇ ਪ੍ਰਕਾਰ ਦੇ ਆਧਾਰ 'ਤੇ, ਤੁਹਾਡੇ ਵਾਇਰਲੈਸ ਪ੍ਰਦਾਤਾ ਵੱਲੋਂ ਤੁਹਾਡੇ ਤੋਂ ਪ੍ਰਤੀ-ਸੁਨੇਹਾ ਫੀਸ ਲਈ ਜਾ ਸਕਦੀ ਹੈ।

**ਮੋਬਾਈਲ:** ਸਾਡੀ ਨੈਕਸਟ ਰਾਈਡ (Next Ride) ਮੋਬਾਈਲ ਸਾਈਟ ਤੁਹਾਨੂੰ ਕਿਸੇ ਐਪ ਵਰਗੀ, ਵਰਤਣ ਵਿੱਚ ਅਸਾਨ ਸੁਵਿਧਾ ਦਿੰਦੀ ਹੈ। ਆਪਣੇ ਸਮਾਰਟਫੋਨ 'ਤੇ nextride.brampton.ca ਨੂੰ ਬੁੱਕਮਾਰਕ ਕਰੋ ਅਤੇ ਆਪਣੀਆਂ ਉਂਗਲੀਆਂ 'ਤੇ ਅਗਲੀ ਬੱਸ ਬਾਰੇ ਜਾਣਕਾਰੀ ਪ੍ਰਾਪਤ ਕਰੋ।

## ਸਮਾਂ ਸੂਚੀਆਂ ਅਤੇ ਨਕਸ਼ੇ

ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਾਰੀਆਂ ਰੂਟ ਸਮਾਂ ਸੂਚੀਆਂ ਅਤੇ ਨਕਸ਼ੇ bramptontransit.com 'ਤੇ ਜਾ ਕੇ ਸਮਾਂ ਸੂਚੀਆਂ ਅਤੇ ਨਕਸ਼ੇ (Schedules and Maps) ਪੰਨੇ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

## ਟ੍ਰਿਪਲਿੰਕਸ (Triplinx)

ਬ੍ਰੈਂਪਟਨ (Brampton) ਅਤੇ ਗ੍ਰੇਟਰ ਟੋਰੋਂਟੋ ਐਂਡ ਹੈਮਿਲਟਨ ਏਰੀਆ (Greater Toronto and Hamilton Area) (ਜੀ.ਟੀ.ਐਚ.ਏ.) (GTHA) ਦੇ ਅੰਦਰ ਆਪਣੀ ਯਾਤਰਾ ਦੀ ਯੋਜਨਾ ਬਣਾਉਣ ਲਈ, ਟ੍ਰਿਪਲਿੰਕਸ (Triplinx), ਮੈਟਰੋਲਿੰਕਸ (Metrolinx) ਦਾ ਅਧਿਕਾਰਤ ਟ੍ਰਿਪ ਪਲਾਨਰ ਵਰਤੋ।

ਤੁਹਾਡੀ ਯਾਤਰਾ ਦੀ ਯੋਜਨਾ ਬਣਾਉਣਾ ਅਸਾਨ ਹੈ; ਆਪਣੇ ਸ਼ੁਰੂ ਦੇ ਸਥਾਨ ਅਤੇ ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ, ਨੂੰ ਦਾਖ਼ਲ ਕਰੋ, ਅਤੇ ਟ੍ਰਿਪਲਿੰਕਸ ਤੁਹਾਨੂੰ ਦੱਸੇਗਾ ਕਿ ਉੱਥੇ ਕਿਵੇਂ ਪਹੁੰਚਣਾ ਹੈ। ਅਧਿਕਤਮ ਪੈਦਲ ਦੂਰੀ ਜਾਂ ਆਵਾਜਾਈ ਦੀ ਵਿਧੀ ਜਿਹੇ ਵਿਕਲਪਾਂ ਦੀ ਵਰਤੋਂ ਕਰਦੇ ਹੋਏ ਆਪਣੇ ਹਿਸਾਬ ਨਾਲ ਆਪਣੀ ਯਾਤਰਾ ਦੀ ਯੋਜਨਾ ਬਣਾਓ। ਟ੍ਰਿਪਲਿੰਕਸ ਟ੍ਰਾਂਜ਼ਿਟ ਨੂੰ ਵਰਤਦੇ ਹੋਏ, ਖ਼ਾਸ ਤੌਰ 'ਤੇ ਸਾਈਕਲਿੰਗ ਜਾਂ ਪੈਦਲ, ਜਾਂ ਇਹਨਾਂ ਵਿਕਲਪਾਂ ਦਾ ਸੁਮੇਲ, ਯਾਤਰਾਵਾਂ ਬਾਰੇ ਜਾਣਕਾਰੀ ਦੇਣ ਲਈ ਤਿਆਰ ਕੀਤਾ ਗਿਆ ਹੈ।

ਤੁਸੀਂ ਟ੍ਰਾਂਜ਼ਿਟ ਦੀਆਂ ਸਮਾਂ ਸੂਚੀਆਂ, ਕਿਰਾਏ ਅਤੇ ਹੋਰ ਲਾਭਕਾਰੀ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ, ਜਿਸਦੀ ਤੁਹਾਨੂੰ ਜਾਣ ਤੋਂ ਪਹਿਲਾਂ ਲੋੜ ਹੋ ਸਕਦੀ ਹੈ।

ਟ੍ਰਿਪਲਿੰਕਸ ਵਿੱਚ ਬ੍ਰੈਂਪਟਨ (Brampton), ਬਰਲਿੰਗਟਨ (Burlington), ਦੁਰਹਮ ਰੀਜਨ (Durham Region) (ਡੀ.ਆਰ.ਟੀ.) (DRT), ਗੋ ਟ੍ਰਾਂਜ਼ਿਟ (GO Transit), ਹੈਮਿਲਟਨ (Hamilton) (ਐਚ.ਐਸ.ਆਰ.) (HSR), ਮਿਲਟਨ (Milton), ਮਿਸਾਸਾਗਾ (Mississauga) (ਮਾਈਵੇ) (MiWay), ਓਕਵਿਲੇ (Oakville), ਟੋਰੋਂਟੋ (Toronto) (ਟੀ.ਟੀ.ਸੀ.) (TTC), ਯੌਰਕ ਰੀਜਨ (York Region) (ਵਾਈ.ਆਰ.ਟੀ.) (YRT), ਅਤੇ ਯੂ.ਪੀ. ਐਕਸਪ੍ਰੈਸ (UP Express) ਲਈ ਟ੍ਰਾਂਜ਼ਿਟ ਜਾਣਕਾਰੀ ਸ਼ਾਮਲ ਹੈ।

ਹੋਰ ਜਾਣਕਾਰੀ ਲਈ triplinx.ca 'ਤੇ ਜਾਓ।

## Google

ਜੇਕਰ ਤੁਸੀਂ Google ਨਕਸ਼ੇ (Google Maps) ਵਰਤੋਂਕਾਰ ਹੋ, ਤਾਂ Google ਟ੍ਰਾਂਜ਼ਿਟ (Google Transit) ਵਰਤਦੇ ਹੋਏ ਬ੍ਰੈਂਪਟਨ ਟ੍ਰਾਂਜ਼ਿਟ ਨਾਲ ਆਪਣੀ ਯਾਤਰਾ ਦੀ ਯੋਜਨਾ ਬਣਾਓ।

## ਤੁਹਾਡੇ ਕਿਰਾਏ ਦਾ ਭੁਗਤਾਨ ਕਰਨਾ




ਯਾਤਰੀ ਬ੍ਰੈਂਪਟਨ ਟ੍ਰਾਂਜ਼ਿਟ ਅਤੇ ਜ਼ੂਮ (Züm) 'ਤੇ ਨਕਦੀ ਜਾਂ ਆਪਣਾ PRESTO ਕਾਰਡ ਵਰਤਦੇ ਹੋਏ ਭੁਗਤਾਨ ਕਰ ਸਕਦੇ ਹਨ।

ਜੇਕਰ ਤੁਸੀਂ ਨਕਦੀ ਨਾਲ ਭੁਗਤਾਨ ਕਰ ਰਹੇ ਹੋ, ਤਾਂ ਕਿਰਪਾ

ਕਰਕੇ ਚੜ੍ਹਦੇ ਸਮੇਂ ਪੂਰਾ ਕਿਰਾਇਆ ਰੱਖੋ। ਓਪਰੇਟਰ ਤੁਹਾਨੂੰ ਖੁੱਲ੍ਹੇ ਪੈਸੇ ਨਹੀਂ ਦੇ ਸਕਦੇ।

PRESTO ਇੱਕ ਇਲੈਕਟ੍ਰੋਨਿਕ ਭੁਗਤਾਨ ਪ੍ਰਣਾਲੀ ਹੈ, ਜੋ ਗ੍ਰੇਟਰ ਟੋਰੋਂਟੋ ਐਂਡ ਹੈਮਿਲਟਨ ਏਰੀਆ (Greater Toronto and Hamilton Area) (ਜੀ.ਟੀ.ਐਚ.ਏ.) (GTHA), ਅਤੇ ਓਟਾਵਾ (Ottawa) ਵਿੱਚ ਟ੍ਰਾਂਜ਼ਿਟ ਏਜੰਸੀਆਂ 'ਤੇ ਵਰਤੀ ਜਾਣ ਵਾਲੀ ਇੱਕ ਇਲੈਕਟ੍ਰੋਨਿਕ ਭੁਗਤਾਨ ਪ੍ਰਣਾਲੀ ਹੈ। PRESTO ਸਵਾਰੀਆਂ ਨੂੰ ਕਿਰਾਇਆ ਭੁਗਤਾਨ ਦਾ ਸਭ ਤੋਂ ਵੱਧ ਸੰਭਵ ਸੁਵਿਧਾਜਨਕ ਵਿਕਲਪ ਦੇਣ ਲਈ ਸਮਾਰਟਕਾਰਡ ਟੈਕਨੋਲੋਜੀ ਵਰਤਦੀ ਹੈ। ਕਾਰਡ 'ਤੇ ਸਿੱਧੇ ਪੈਸਾ ਜਾਂ ਇੱਕ ਬ੍ਰੈਂਪਟਨ ਟ੍ਰਾਂਜ਼ਿਟ ਹਫ਼ਤਾਵਾਰੀ ਜਾਂ ਮਾਸਿਕ ਪਾਸ ਲੋਡ ਕਰੋ। ਬੱਸ 'ਤੇ ਚੜ੍ਹਦੇ ਸਮੇਂ, PRESTO ਡਿਵਾਈਸ 'ਤੇ ਕਾਰਡ ਨੂੰ ਥਪਥਪਾਓ।

ਗਾਹਕਾਂ ਨੂੰ ਮੇਰਾ PRESTO ਖਾਤਾ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਜੇਕਰ ਤੁਹਾਡਾ ਕਾਰਡ ਗੁਆਚ ਜਾਂਦਾ ਹੈ ਜਾਂ ਚੋਰੀ ਹੋ ਜਾਂਦਾ ਹੈ, ਤਾਂ ਇਸਨੂੰ ਬਦਲਿਆ ਅਤੇ ਬੈਲੈਂਸ ਮੁੜ ਸਟੋਰ ਕੀਤਾ ਜਾ ਸਕਦਾ ਹੈ।

ਜਦੋਂ ਤੁਸੀਂ ਆਪਣੇ ਨਕਦ ਕਿਰਾਏ ਦਾ ਭੁਗਤਾਨ ਕਰਦੇ ਹੋ, ਤਾਂ ਬੱਸ 'ਤੇ ਚੜ੍ਹਦੇ ਸਮੇਂ ਓਪਰੇਟਰ ਤੋਂ ਟ੍ਰਾਂਸਫਰ ਦੀ ਬੇਨਤੀ ਕਰੋ ਅਤੇ ਤੁਹਾਨੂੰ ਟ੍ਰਾਂਸਫਰ ਦੀ ਮਿਆਦ ਲਈ ਅਸੀਮਿਤ ਯਾਤਰਾ ਲਈ ਸਮਰੱਥ ਕਰੇਗੀ। ਜਾਰੀ ਕਰਨ ਦੇ ਸਮੇਂ ਤੋਂ ਦੋ ਘੰਟਿਆਂ ਬਾਅਦ ਟ੍ਰਾਂਸਫਰ ਦੀ ਮਿਆਦ ਪੁੱਗ ਜਾਂਦੀ ਹੈ।

ਬ੍ਰੈਂਪਟਨ ਟ੍ਰਾਂਜ਼ਿਟ ਕਿਸੇ ਵੀ ਸਥਾਨ ਵਿਖੇ ਇਹਨਾਂ ਟ੍ਰਾਂਜ਼ਿਟ ਸੇਵਾ ਪ੍ਰਦਾਤਾਵਾਂ ਤੋਂ ਟ੍ਰਾਂਸਫਰ ਸਿਰਫ਼ ਤਾਂ ਹੀ ਸਵੀਕਾਰ ਕਰੇਗੀ, ਜੇਕਰ ਟ੍ਰਾਂਸਫਰ 'ਤੇ ਸਮਾਂ ਬਾਕੀ ਹੈ:

- ਹੈਮਿਲਟਨ ਸਟ੍ਰੀਟ ਰੇਲਵੇ (Hamilton Street Railway) (ਐਚ.ਐਸ.ਆਰ.)
- ਮਿਸੀਸਾਗਾ ਟ੍ਰਾਂਜ਼ਿਟ (Mississauga Transit) (ਮਾਈਵੇ)
- ਓਕਵਿਲੇ ਟ੍ਰਾਂਜ਼ਿਟ (Oakville Transit)
- ਟੀ.ਟੀ.ਸੀ. (TTC) – ਸਿਰਫ਼ ਜ਼ੋਨ 3 ਪੰਚ ਕੀਤਾ ਟ੍ਰਾਂਸਫਰ
- ਯੌਰਕ ਰੀਜਨ ਟ੍ਰਾਂਜ਼ਿਟ (York Region Transit) (ਵਾਈ.ਆਰ.ਟੀ.)
- ਬਰਲਿੰਗਟਨ ਟ੍ਰਾਂਜ਼ਿਟ (Burlington Transit)
- ਦੁਰਹਮ ਰੀਜਨ ਟ੍ਰਾਂਜ਼ਿਟ (Durham Region Transit) (ਡੀ.ਆਰ.ਟੀ.)

ਜੇਕਰ ਤੁਸੀਂ PRESTO ਕਾਰਡ ਵਰਤ ਰਹੇ ਹੋ, ਤਾਂ ਤੁਹਾਨੂੰ ਬੱਸ ਓਪਰੇਟਰ ਨੂੰ ਟ੍ਰਾਂਸਫਰ ਲਈ ਨਹੀਂ ਕਹਿਣਾ ਪਵੇਗਾ, ਇਹ ਸਵੈਚਲਿਤ ਰੂਪ ਨਾਲ ਕਾਰਡ 'ਤੇ ਸਟੋਰ ਹੋ ਜਾਂਦਾ ਹੈ, ਜਿਸ ਨਾਲ ਤੁਸੀਂ ਜਾਰੀ ਕਰਨ ਦੇ ਸਮੇਂ ਤੋਂ ਲੈ ਕੇ ਦੋ ਘੰਟਿਆਂ ਤੱਕ ਯਾਤਰਾ ਕਰ ਸਕਦੇ ਹੋ।

ਨੋਟ: ਕਿਰਪਾ ਕਰਕੇ ਤੈਅ ਰਵਾਨਗੀ ਸਮੇਂ ਤੋਂ ਘੱਟੋ-ਘੱਟ ਪੰਜ ਮਿੰਟ ਪਹਿਲਾਂ ਆਪਣੇ ਬੱਸ ਸਟੌਪ 'ਤੇ ਪਹੁੰਚੋ।

ਜ਼ੂਮ ਬ੍ਰੈਂਪਟਨ ਟ੍ਰਾਂਜ਼ਿਟ ਦੀ ਬੱਸ ਰੈਪਿਡ ਟ੍ਰਾਂਜ਼ਿਟ (Bus Rapid Transit) (ਬੀ.ਆਰ.ਟੀ.) (BRT) ਸੇਵਾ ਹੈ। ਜ਼ੂਮ ਇੱਕ ਭਰੋਸੇਯੋਗ, ਪੂਰੇ ਦਿਨ ਦੀ, ਸੀਮਿਤ ਸਟੌਪ ਵਾਲੀ ਸੇਵਾ ਹੈ, ਜੋ ਸਾਡੀਆਂ ਪਰੰਪਰਾਗਤ ਬੱਸਾਂ ਦੇ ਨਾਲ ਸਹਿਜ ਰੂਪ ਨਾਲ ਕੰਮ ਕਰਦੀ ਹੈ। ਇਹ ਖ਼ਾਸ ਤੌਰ 'ਤੇ ਯੌਰਕ ਰੀਜਨ, ਮਿਸੀਸਾਗਾ ਅਤੇ ਟੋਰੋਂਟੋ ਲਈ ਸਿੱਧੇ ਲਿੰਕਾਂ ਦੇ ਨਾਲ ਬ੍ਰੈਂਪਟਨ ਅਤੇ ਸਮੁੱਚੇ ਗ੍ਰੇਟਰ ਟੋਰੋਂਟੋ ਏਰੀਆ (ਜੀ.ਟੀ.ਏ.) ਦੇ ਅੰਦਰ ਨਿਵਾਸੀਆਂ ਲਈ ਬਿਹਤਰ ਕਨੈਕਟੀਵਿਟੀ ਮੁਹੱਈਆ ਕਰਦੇ ਹੋਏ, ਸਮੁੱਚੀ ਸੇਵਾ ਦੀ ਕੁਆਲਿਟੀ ਵਿੱਚ ਸੋਧ ਕਰਦੀ ਹੈ।

ਕੀ ਤੁਸੀਂ ਕਿਸੇ ਲਾਈਵ ਏਜੰਟ ਨਾਲ ਗੱਲ ਕਰਨਾ ਚਾਹੁੰਦੇ ਹੋ? ਸਾਡਾ ਸੰਪਰਕ ਕੇਂਦਰ ਹਫ਼ਤੇ ਵਿੱਚ ਸੱਤ ਦਿਨ ਖੁੱਲ੍ਹਾ ਰਹਿੰਦਾ ਹੈ:

| | |
|---|---|
| ਸੋਮਵਾਰ – ਸ਼ੁੱਕਰਵਾਰ: | ਸਵੇਰੇ 7:00 ਵਜੇ – ਰਾਤ 9:00 ਵਜੇ |
| ਸ਼ਨੀਵਾਰ: | ਸਵੇਰੇ 7:00 ਵਜੇ – ਸ਼ਾਮ 7:00 ਵਜੇ |
| ਐਤਵਾਰ: | ਸਵੇਰੇ 9:00 ਵਜੇ – ਸ਼ਾਮ 6:00 ਵਜੇ |

ਸਾਨੂੰ 905.874.2999 'ਤੇ ਜਾਂ ਟੀ.ਟੀ.ਵਾਈ. (TTY) 905.874.2130 'ਤੇ ਫੋਨ ਕਰੋ। ਤੁਸੀਂ ਸਾਨੂੰ transit@brampton.ca 'ਤੇ ਈਮੇਲ ਵੀ ਕਰ ਸਕਦੇ ਹੋ।

## ਅਨੁਵਾਦ ਸੇਵਾਵਾਂ

ਜੇਕਰ ਤੁਹਾਨੂੰ ਅਨੁਵਾਦ ਸੇਵਾਵਾਂ ਦੀ ਲੋੜ ਹੈ, ਤਾਂ 905.874.2999 'ਤੇ ਫੋਨ ਕਰੋ, ਦੱਸੋ ਕਿ ਤੁਹਾਨੂੰ ਸਹਾਇਤਾ ਦੀ ਲੋੜ ਹੈ ਅਤੇ ਅੰਗਰੇਜ਼ੀ ਵਿੱਚ ਆਪਣੀ ਭਾਸ਼ਾ ਦਾ ਨਾਮ ਦੱਸੋ। ਤੁਹਾਡੇ ਲਈ ਇੱਕ ਮੁਫ਼ਤ ਦੁਭਾਸ਼ੀਆ ਨਿਸ਼ਚਿਤ ਕੀਤਾ ਜਾਏਗਾ। ਕਿਰਪਾ ਕਰਕੇ ਲਾਈਨ 'ਤੇ ਬਣੇ ਰਹੋ, ਜਦੋਂ ਦੁਭਾਸ਼ੀਏ ਨਾਲ ਸੰਪਰਕ ਕੀਤਾ ਜਾ ਰਿਹਾ ਹੋਵੇ।

ਚੱਕਰਾਂ, ਸੇਵਾ ਸੁਧਾਰਾਂ, ਛੁੱਟੀ ਵਾਲੇ ਦਿਨ ਦੀ ਸੇਵਾ ਅਤੇ ਟ੍ਰਾਂਜ਼ਿਟ ਅੱਪਡੇਟਾਂ ਸਮੇਤ ਸੇਵਾ ਬਾਰੇ ਤਾਜ਼ਾ ਜਾਣਕਾਰੀ ਲਈ ਸਾਨੂੰ Twitter @BramptonTransit 'ਤੇ ਫੌਲੋ ਕਰੋ। ਕੀ ਤੁਹਾਡਾ ਕੋਈ ਸਵਾਲ ਹੈ? ਅੱਗੇ ਵਧੋ ਅਤੇ ਟਵੀਟ ਕਰੋ। ਸਾਡੀ ਸੰਪਰਕ ਕੇਂਦਰ ਟੀਮ ਨੂੰ ਤੁਹਾਨੂੰ ਜਵਾਬ ਟਵੀਟ ਕਰਨ ਵਿੱਚ ਖੁਸ਼ੀ ਹੋਵੇਗੀ।

ਤਾਜ਼ਾ ਖ਼ਬਰਾਂ, ਘੋਸ਼ਣਾਵਾਂ, ਟ੍ਰਾਂਜ਼ਿਟ ਕਾਰਜਕਰਮਾਂ, ਫੋਟੋਆਂ, ਵੀਡੀਓ ਆਦਿ ਲਈ ਸਾਨੂੰ Facebook @ BramptonTransit 'ਤੇ ਪਸੰਦ ਕਰੋ!

ਸਾਡੀਆਂ #ThrowbackThursday ਅਤੇ #BehindTheScenesTuesday ਫੋਟੋਆਂ, ਮਜ਼ੇਦਾਰ ਵੀਡੀਓ ਦੇਖਣ ਲਈ ਸਾਨੂੰ Instagram @bramptontransit 'ਤੇ ਫੌਲੋ ਕਰੋ!

## ਈ-ਨਿਊਜ਼ਲੈਟਰ (E-Newsletter)

ਸਾਡੇ ਈ-ਨਿਊਜ਼ਲੈਟਰ ਦੇ ਨਾਲ ਸਿੱਧੇ ਤੁਹਾਡੇ ਇਨਬੌਕਸ ਵਿੱਚ ਭੇਜੀ ਬ੍ਰੈਂਪਟਨ ਟ੍ਰਾਂਜ਼ਿਟ ਜਾਣਕਾਰੀ ਪ੍ਰਾਪਤ ਕਰੋ। ਸੇਵਾ ਤਬਦੀਲੀਆਂ, ਛੁੱਟੀਆਂ ਸਬੰਧੀ ਸਮਾਂ ਸੂਚੀਆਂ, ਕਾਰਜਕਰਮਾਂ ਆਦਿ ਬਾਰੇ ਤਾਜ਼ਾ ਜਾਣਕਾਰੀ ਪ੍ਰਾਪਤ ਕਰੋ!

ਸਬਸਕ੍ਰਾਈਬ ਕਰਨਾ ਅਸਾਨ ਹੈ! ਸਾਈਨ ਅੱਪ ਕਰਨ ਲਈ ਅੱਜ ਹੀ ਸਾਡੀ ਵੈਬਸਾਈਟ 'ਤੇ ਜਾਓ।